# KEJRIWAL ANNOUNCES FINAL BLOW TO DRUG MENACE IN STATE, MASS MOVEMENT TO BE STARTED FROM APRIL 1

**ANNOUNCES THAT THREE CRORE PUNJABIS WILL STAND AGAINST DRUGS**

**LAUNCHES AN ANTI-DRUG HELPLINE NUMBER 9779100200**

**DRUG CENSUS WILL BE CONDUCTED ACROSS THE STATE TO ASCERTAIN EXTENT OF DRUGS**

**ANTI-DRONE TECHNOLOGY TO BE INTRODUCED IN STATE FOR CHECKING OF DRUG SUPPLY FROM ACROSS THE BORDER**

**INFLUENTIAL POLITICAL LEADERS INVOLVED IN DRUG TRADE TO BE PUT BEHIND THE BARS**

**PUNJAB TO WITNESS UNPRECEDENTED PROGRESS AND PROSPERITY IN EVERY SPHERE**

Ludhiana, March 18:

Blowing the bigul for launching a decisive war against drugs in the state, the former Delhi Chief Minister and National Convener of Aam Aadmi Party (AAP) Arvind Kejriwal on Tuesday announced a mass movement against the menace from April 1.

Addressing a mammoth gathering here in Indoor Stadium, the former Delhi Chief Minister said that on April 1 more than three crore Punjabis will stand against the scourge of drugs by decimating a handful of smugglers who are ruining the generations of state for minting money. Arvind Kejriwal said that the state government will launch a mass movement against drugs on April 1 adding he urged every resident to be a soldier in this war against drugs. He said that every party worker will go to villages to eliminate drugs from the state, adding that this will be a decisive war against drugs.

National Convener of AAP also launched an anti-drug helpline number 9779100200 and exhorted the people to give any information related to selling of

drugs in their area on this number. He said that the identity of the caller will not be disclosed to anyone but exemplary action against drug smugglers will be taken. Likewise, Arvind Kejriwal said that drug census will be conducted across the state to ascertain the extent of drugs prevalent in the state.

The former Delhi Chief Minister said that as a part of this census teams will visit every household to check the extent of drugs present in the cities and villages. He said that the identity of drug victims will be kept secret but corrective measures will be taken subsequently. Arvind Kejriwal further said that in order to wean away youth from the menace of drugs, playgrounds and gyms will be opened in every village of the state adding that this will help in channelizing unbounded energy of youth in a positive direction and make them an active partner in socio-economic progress of the state.

The former Delhi Chief Minister said that 5000 new Home Guards are being recruited and they will be deployed in the border districts of the state. He said that the state government has done foolproof planning in the last three years and now implementation has been made. Arvind Kejriwal said that the Ministers of the previous regimes used to patronize drugs and ruined the generations of Punjab for their lust for power.

The National Convener of AAP said that these leaders had sheltered drugs, sand, transport, cable and other mafia just for the sake of their vested interests. He said that these leaders were routed out from power and were succeeded by the government whose leader had publically sworn that drugs will be wiped out in four months. However, Arvind Kejriwal said that nothing tangible happened as this epicurean monarch remained inaccessible to the people and just used his office for enjoying the power without bothering about masses.

The former Delhi Chief Minister said that now the crusade against drugs has been embarked with full might and this scourge will be wiped out from the state soon. He said that the drug lords are being put behind the bars, supply lines of drugs are being snapped and properties of smugglers are being destroyed/ confiscated. Arvind Kejriwal categorically said that the kingpin of drugs and once powerful ministers who were involved in this heinous crime will also not be spared and they will also be put behind the bars.

The National Convener of AAP said that anti-drone technology will be put in place by the state government to check the supply of drugs from across the border as 70% of drugs was being supplied from Pakistan. He said that baffled by strict action against drugs the anti-national forces are trying to destabilize progress and prosperity in the state adding that grenade attacks across the state are part of this

conspiracy. Arvind Kejriwal said that this will not be tolerated and strict action will be taken against such forces inimical to the state.

The former Delhi Chief Minister warned these forces that this is not the government of Congress, Akali or BJP and the nefarious designs of these forces will be thwarted by the AAP government, who is serving the people of state. He said that a complete facelift of the state is taking place under the regime of the Bhagwant Singh Mann government. Arvind Kejriwal said that Congress, Akalis and BJP had left a dilapidated civil hospital for the Ludhiana residents but now it has been completely renovated.

The National Convener of AAP said that this hospital had more than 30,000 rodents but now the state government has embarked on a major revolution to uplift the healthcare sector. He said that in the coming 3-4 months land registry will be made corruption free, adding that a number of reforms are being planned in the state and all the public dealing services will be given at the doorsteps of the common man. Arvind Kejriwal said that those Punjabis who are not having Ayushman card will be issued Sehat cards for free healthcare facilities adding that this is just the beginning and works of public welfare will be accelerated in the coming days.

--------------

**ਮੁੱਖ ਮੰਤਰੀ ਦਫ਼ਤਰ, ਪੰਜਾਬ**

**ਕੇਜਰੀਵਾਲ ਵੱਲੋਂ ਨਸ਼ਿਆਂ ਦੀ ਅਲਾਮਤ ਖਿਲਾਫ਼ ਆਰ-ਪਾਰ ਦੀ ਲੜਾਈ ਦਾ ਐਲਾਨ, ਇਕ ਅਪ੍ਰੈਲ ਤੋਂ ਸ਼ੁਰੂ ਹੋਵੇਗੀ ਲੋਕ ਲਹਿਰ**

**ਤਿੰਨ ਕਰੋੜ ਪੰਜਾਬੀ ਨਸ਼ਿਆਂ ਖਿਲਾਫ਼ ਮੈਦਾਨ ਵਿੱਚ ਨਿੱਤਰਨਗੇ**

**ਐਂਟੀ-ਡਰੱਗ ਹੈਲਪਲਾਈਨ ਨੰਬਰ 9779100200 ਦੀ ਕੀਤੀ ਸ਼ੁਰੂਆਤ**

**ਨਸ਼ਿਆਂ ਦੀ ਸਮੱਸਿਆ ਦੀ ਡੂੰਘਾਈ ਤੱਕ ਜਾਣ ਲਈ ਸੂਬਾ ਭਰ ਵਿੱਚ ਨਸ਼ਿਆਂ ਬਾਰੇ ਜਨਗਣਨਾ ਕਰਵਾਈ ਜਾਵੇਗੀ**

**ਸਰਹੱਦ ਪਾਰੋਂ ਨਸ਼ਿਆਂ ਦੀ ਸਪਲਾਈ ਲਾਈਨ ਤੋੜਨ ਲਈ ਸੂਬੇ ਵਿੱਚ ਐਂਟੀ-ਡਰੋਨ ਤਕਨਾਲੋਜੀ ਵਰਤੀ ਜਾਵੇਗੀ**

**ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਰਸੂਖਵਾਨ ਸਿਆਸਤਦਾਨ ਵੀ ਜੇਲ੍ਹ ਦੀਆਂ ਸ਼ਲਾਖਾਂ ਪਿੱਛੇ ਹੋਣਗੇ**

**ਆਉਂਦੇ ਸਮੇਂ 'ਚ ਹਰੇਕ ਖੇਤਰ ਵਿੱਚ ਲਾਮਿਸਾਲ ਤਰੱਕੀ ਤੇ ਖੁਸ਼ਹਾਲੀ ਦੇਖੇਗਾ ਪੰਜਾਬ**

ਲੁਧਿਆਣਾ, 18 ਮਾਰਚ:

ਸੂਬੇ ਵਿੱਚ ਨਸ਼ਿਆਂ ਦੀ ਲਾਹਨਤ ਦੇ ਖਿਲਾਫ਼ ਆਰ-ਪਾਰ ਦੀ ਲੜਾਈ ਲੜਨ ਦੀ ਸ਼ੁਰੂਆਤ ਕਰਦਿਆਂ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇਕ ਅਪ੍ਰੈਲ ਤੋਂ ਨਸ਼ਿਆਂ ਖਿਲਾਫ਼ ਲੋਕ ਲਹਿਰ ਵਿੱਢਣ ਦਾ ਐਲਾਨ ਕੀਤਾ।
ਇੱਥੇ ਇਨਡੋਰ ਸਟੇਡੀਅਮ ਵਿਖੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਇਕ ਅਪ੍ਰੈਲ ਤੋਂ ਮੁੱਠੀ ਭਰ ਨਸ਼ਾ ਤਸਕਰਾਂ ਨੂੰ ਖਦੇੜਣ ਲਈ ਤਿੰਨ ਕਰੋੜ ਪੰਜਾਬੀ ਨਸ਼ਿਆਂ ਖਿਲਾਫ਼ ਮੈਦਾਨ ਵਿੱਚ ਨਿੱਤਰਨਗੇ ਕਿਉਂਕਿ ਇਹ ਤਸਕਰ ਪੈਸਾ ਕਮਾਉਣ ਲਈ ਸੂਬੇ ਦੀਆਂ ਪੀੜ੍ਹੀਆਂ ਬਰਬਾਦ ਕਰ ਰਹੇ ਹਨ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸੂਬਾ ਸਰਕਾਰ ਇਕ ਅਪ੍ਰੈਲ ਤੋਂ ਨਸ਼ਿਆਂ ਦੇ ਖਿਲਾਫ਼ ਲੋਕ ਲਹਿਰ ਸ਼ੁਰੂ ਕਰੇਗੀ। ਉਨ੍ਹਾਂ ਨੇ ਹਰੇਕ ਪੰਜਾਬੀ ਨੂੰ ਨਸ਼ਿਆਂ ਵਿਰੁੱਧ ਜੰਗ ਦਾ ਸਿਪਾਹੀ ਬਣਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਹਰੇਕ ਪਾਰਟੀ ਵਰਕਰ ਸੂਬੇ ਵਿੱਚੋਂ ਨਸ਼ਿਆਂ ਦਾ ਸਫਾਇਆ ਕਰਨ ਲਈ ਪਿੰਡ-ਪਿੰਡ ਜਾਵੇਗਾ ਅਤੇ ਨਸ਼ਿਆਂ ਦੇ ਖਿਲਾਫ਼ ਇਹ ਫੈਸਲਾਕੁੰਨ ਜੰਗ ਹੋਵੇਗੀ।
ਆਪ ਦੇ ਕੌਮੀ ਕਨਵੀਨਰ ਨੇ ਨਸ਼ਾ ਵਿਰੋਧੀ ਹੈਲਪਲਾਈਨ ਨੰਬਰ 9779100200 ਨੂੰ ਜਨਤਕ ਕਰਦਿਆਂ ਲੋਕਾਂ ਨੂੰ ਉਨ੍ਹਾਂ ਦੇ ਇਲਾਕੇ ਵਿੱਚ ਨਸ਼ੇ ਵੇਚਣ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਸੂਚਨਾ ਇਸ ਨੰਬਰ ਉਤੇ ਸਾਂਝੀ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ ਪਰ ਨਸ਼ਾ ਤਸਕਰਾਂ ਦੇ ਖਿਲਾਫ਼ ਮਿਸਾਲੀ ਕਾਰਵਾਈ ਕੀਤੀ ਜਾਵੇਗੀ। ਇਸੇ ਦੌਰਾਨ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸੂਬਾ ਭਰ ਵਿੱਚ ਨਸ਼ਿਆਂ ਬਾਰੇ ਜਨਗਣਨਾ ਕਰਵਾਈ ਜਾਵੇਗੀ ਤਾਂ ਕਿ ਸੂਬੇ ਵਿੱਚ ਨਸ਼ਿਆਂ ਦੀ ਮੌਜੂਦਾ ਸਥਿਤੀ ਦੀ ਡੂੰਘਾਈ ਤੱਕ ਪਹੁੰਚਿਆ ਜਾ ਸਕੇ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਇਸ ਜਨਗਣਨਾ ਦੇ ਹਿੱਸੇ ਵਜੋਂ ਟੀਮਾਂ ਸ਼ਹਿਰਾਂ ਅਤੇ ਪਿੰਡਾਂ ਵਿੱਚ ਨਸ਼ਿਆਂ ਦੀ ਅਸਲ ਸਥਿਤੀ ਦਾ ਪਤਾ ਲਾਉਣ ਲਈ ਹਰੇਕ ਘਰ ਦਾ ਦੌਰਾ ਕਰਨਗੀਆਂ। ਉਨ੍ਹਾਂ ਕਿਹਾ ਕਿ ਨਸ਼ੇ ਦੇ ਪੀੜਤਾਂ ਦੀ ਪਛਾਣ ਗੁਪਤ ਰੱਖੀ ਜਾਵੇਗੀ ਪਰ ਬਾਅਦ ਵਿੱਚ ਸੁਧਾਰ ਲਈ ਕਦਮ ਚੁੱਕੇ ਜਾਣਗੇ। ਅਰਵਿੰਦ ਕੇਜਰੀਵਾਲ ਨੇ ਅੱਗੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਹਰੇਕ ਪਿੰਡ ਵਿੱਚ ਖੇਡ ਮੈਦਾਨ ਅਤੇ ਜਿੰਮ ਖੋਲ੍ਹੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਉਪਰਾਲਾ ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਸਕਾਰਾਤਮਕ ਦਿਸ਼ਾ ਵਿੱਚ ਲਾਉਣ ਅਤੇ ਉਨ੍ਹਾਂ ਨੂੰ ਸੂਬੇ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਸਰਗਰਮ ਭਾਈਵਾਲ ਬਣਾਉਣ ਵਿੱਚ ਮਦਦ ਕਰੇਗਾ।

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ 5000 ਨਵੇਂ ਹੋਮ ਗਾਰਡ ਭਰਤੀ ਕੀਤੇ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਸੂਬੇ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਤਾਇਨਾਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਵਿੱਚ ਹਰ ਪੱਖ ਤੋਂ ਪੁਖਤਾ ਵਿਉਂਤਬੰਦੀ ਕੀਤੀ ਅਤੇ ਹੁਣ ਇਸ ਨੂੰ ਲਾਗੂ ਕੀਤਾ ਜਾ ਰਿਹਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਮੰਤਰੀ ਨਸ਼ਿਆਂ ਦੀ ਸਰਪ੍ਰਸਤੀ ਕਰਦੇ ਸਨ ਅਤੇ ਸੱਤਾ ਦੀ ਲਾਲਸਾ ਲਈ ਪੰਜਾਬ ਦੀਆਂ ਪੀੜ੍ਹੀਆਂ ਨੂੰ ਬਰਬਾਦ ਕਰਦੇ ਸਨ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੇ ਸਿਰਫ਼ ਆਪਣੇ ਨਿੱਜੀ ਮੁਫਾਦਾਂ ਲਈ ਨਸ਼ਾ, ਰੇਤ, ਟਰਾਂਸਪੋਰਟ, ਕੇਬਲ ਅਤੇ ਹੋਰ ਮਾਫ਼ੀਆ ਨੂੰ ਪਨਾਹ ਦਿੱਤੀ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਸੱਤਾ ਤੋਂ ਬਾਹਰ ਕਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੀ ਜਗ੍ਹਾ ਉਸ ਸਰਕਾਰ ਨੇ ਲਈ ਜਿਸ ਦੇ ਆਗੂ ਨੇ ਜਨਤਕ ਤੌਰ 'ਤੇ ਸਹੁੰ ਖਾਧੀ ਸੀ ਕਿ ਚਾਰ ਮਹੀਨਿਆਂ ਵਿੱਚ ਨਸ਼ੇ ਦਾ ਸਫਾਇਆ ਕਰ ਦਿੱਤਾ ਜਾਵੇਗਾ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜ਼ਮੀਨੀ ਪੱਧਰ ਉਤੇ ਹੋਇਆ ਕੁਝ ਵੀ ਨਹੀਂ ਕਿਉਂਕਿ ਇਹ ਮਹਾਰਾਜਾ ਲੋਕਾਂ ਦੀ ਪਹੁੰਚ ਤੋਂ ਬਾਹਰ ਰਿਹਾ ਅਤੇ ਜਨਤਾ ਦੀ ਪ੍ਰਵਾਹ ਕੀਤੇ ਬਿਨਾਂ ਸਿਰਫ਼ ਸੱਤਾ ਦਾ ਆਨੰਦ ਲੈਣ ਲਈ ਆਪਣੇ ਅਹੁਦੇ ਦੀ ਵਰਤੋਂ ਕਰਦਾ ਰਿਹਾ।

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਹੁਣ ਨਸ਼ਿਆਂ ਵਿਰੁੱਧ ਪੂਰੀ ਤਾਕਤ ਨਾਲ ਜੰਗ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਜਲਦੀ ਹੀ ਸੂਬੇ ਵਿੱਚੋਂ ਇਸ ਅਲਾਮਤ ਦਾ ਸਫਾਇਆ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਸਰਗਨਾ ਅਤੇ ਕਿਸੇ ਸਮੇਂ ਸੂਬੇ ਦੇ ਤਾਕਤਵਾਰ ਮੰਤਰੀ ਜੋ ਇਸ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਸਨ, ਨੂੰ ਵੀ ਬਖਸ਼ਿਆ ਨਹੀਂ ਜਾਵੇਗਾ ਅਤੇ ਉਸ ਨੂੰ ਵੀ ਸਲਾਖਾਂ ਪਿੱਛੇ ਸੁੱਟ ਦਿੱਤਾ ਜਾਵੇਗਾ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਰਹੱਦ ਪਾਰ ਤੋਂ ਨਸ਼ਿਆਂ ਦੀ ਸਪਲਾਈ ਰੋਕਣ ਲਈ ਐਂਟੀ-ਡਰੋਨ ਤਕਨਾਲੋਜੀ ਸਥਾਪਤ ਕੀਤੀ ਜਾਵੇਗੀ ਕਿਉਂਕਿ 70 ਫੀਸਦੀ ਨਸ਼ੇ ਪਾਕਿਸਤਾਨ ਤੋਂ ਸਪਲਾਈ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਸਖ਼ਤ ਕਾਰਵਾਈ ਤੋਂ ਘਬਰਾ ਕੇ ਦੇਸ਼ ਵਿਰੋਧੀ ਤਾਕਤਾਂ ਸੂਬੇ ਦੀ ਤਰੱਕੀ ਅਤੇ ਖੁਸ਼ਹਾਲੀ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਭਰ ਵਿੱਚ ਗ੍ਰਨੇਡ ਹਮਲੇ ਇਸ ਸਾਜ਼ਿਸ਼ ਦਾ ਹਿੱਸਾ ਹਨ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਸ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਸੂਬੇ ਦੀਆਂ ਦੋਖੀ ਇਨ੍ਹਾਂ ਤਾਕਤਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਇਨ੍ਹਾਂ ਪੰਜਾਬ ਵਿਰੋਧੀ ਤਾਕਤਾਂ ਨੂੰ ਸਖ਼ਤ ਚੇਤਾਵਨੀ ਦਿੱਤੀ ਕਿ ਇਹ ਕਾਂਗਰਸ, ਅਕਾਲੀ ਜਾਂ ਭਾਜਪਾ ਦੀ ਸਰਕਾਰ ਨਹੀਂ ਹੈ ਅਤੇ ਇਨ੍ਹਾਂ ਤਾਕਤਾਂ ਦੇ ਨਾਪਾਕ ਮਨਸੂਬਿਆਂ ਨੂੰ 'ਆਪ' ਸਰਕਾਰ ਬੁਰੀ ਤਰ੍ਹਾਂ ਨਾਕਾਮ ਕਰ ਦੇਵੇਗੀ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ

**ਮਾਨ ਸਰਕਾਰ ਦੇ ਕਾਰਜਕਾਲ ਵਿੱਚ ਸੂਬੇ ਦਾ ਮੁਹਾਂਦਰਾ ਪੂਰੀ ਤਰ੍ਹਾਂ ਬਦਲ ਰਿਹਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਕਾਂਗਰਸ, ਅਕਾਲੀ ਅਤੇ ਭਾਜਪਾ ਨੇ ਲੁਧਿਆਣਾ ਵਾਸੀਆਂ ਲਈ ਖਸਤਾ ਹਾਲਤ ਸਿਵਲ ਹਸਪਤਾਲ ਛੱਡਿਆ ਸੀ ਪਰ ਹੁਣ ਇਸ ਦਾ ਪੂਰੀ ਤਰ੍ਹਾਂ ਨਵੀਨੀਕਰਨ ਕਰ ਦਿੱਤਾ ਗਿਆ ਹੈ।**

**'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਇਸ ਸਿਵਲ ਹਸਪਤਾਲ ਵਿੱਚ 30,000 ਤੋਂ ਵੱਧ ਚੂਹੇ ਸਨ ਪਰ ਹੁਣ ਸੂਬਾ ਸਰਕਾਰ ਨੇ ਸਿਹਤ ਸੰਭਾਲ ਖੇਤਰ ਨੂੰ ਉੱਚਾ ਚੁੱਕਣ ਲਈ ਵੱਡੀ ਸਿਹਤ ਕ੍ਰਾਂਤੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ 3-4 ਮਹੀਨਿਆਂ ਵਿੱਚ ਜ਼ਮੀਨ ਦੀ ਰਜਿਸਟਰੀ ਦੇ ਕੰਮ ਨੂੰ ਭ੍ਰਿਸ਼ਟਾਚਾਰ ਮੁਕਤ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਵਿਆਪਕ ਸੁਧਾਰਾਂ ਲਈ ਯੋਜਨਾ ਉਲੀਕੀ ਜਾ ਰਹੀ ਹੈ ਅਤੇ ਸਾਰੀਆਂ ਜਨਤਕ ਸੇਵਾਵਾਂ ਆਮ ਆਦਮੀ ਦੇ ਦਰਵਾਜ਼ੇ 'ਤੇ ਦਿੱਤੀਆਂ ਜਾਣਗੀਆਂ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜਿਨ੍ਹਾਂ ਪੰਜਾਬੀਆਂ ਕੋਲ ਆਯੂਸ਼ਮਾਨ ਕਾਰਡ ਨਹੀਂ ਹੈ, ਉਨ੍ਹਾਂ ਨੂੰ ਮੁਫ਼ਤ ਸਿਹਤ ਸਹੂਲਤਾਂ ਲਈ ਸਿਹਤ ਕਾਰਡ ਜਾਰੀ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਤਾਂ ਅਜੇ ਸਿਰਫ਼ ਸ਼ੁਰੂਆਤ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਲੋਕ ਭਲਾਈ ਦੇ ਕੰਮਾਂ ਵਿੱਚ ਤੇਜ਼ੀ ਲਿਆਂਦੀ ਜਾਵੇਗੀ।**

---------------

मुख्यमंत्री कार्यालय, पंजाब

**केजरीवाल की ओर से नशे के खिलाफ आर-पार की लड़ाई की घोषणा, एक अप्रैल से शुरू होगा जन आंदोलन**

**तीन करोड़ पंजाबी नशे के खिलाफ मैदान में उतरेंगे**

**एंटी-ड्रग हेल्पलाइन नंबर 9779100200 की शुरुआत**

**नशे की समस्या की गहराई तक जाने के लिए राज्यभर में नशे के बारे में जनगणना करवाई जाएगी**

**सीमा पार से नशे की सप्लाई लाइन तोड़ने के लिए राज्य में एंटी-ड्रोन तकनीक अपनाई जाएगी**

**नशे के धंधे में शामिल रसूखदार नेता भी जेल की सलाखों के पीछे होंगे**

**आने वाले समय हर क्षेत्र में बेहतरीन विकास और खुशहाली देखेगा पंजाब**

**लुधियाना, 18 मार्च**
राज्य में नशे की लानत के खिलाफ आर-पार की लड़ाई की शुरुआत करते हुए दिल्ली के पूर्व मुख्यमंत्री और आम आदमी पार्टी के राष्ट्रीय संयोजक अरविंद केजरीवाल ने एक अप्रैल से नशे के खिलाफ जन आंदोलन छेड़ने का ऐलान किया।

यहां इंडोर स्टेडियम में एक बड़े जनसमूह को संबोधित करते हुए दिल्ली के पूर्व मुख्यमंत्री ने कहा कि

एक अप्रैल से चंद नशा तस्करों को खदेड़ने के लिए तीन करोड़ पंजाबी मैदान में उतरेंगे, क्योंकि ये तस्कर पैसे कमाने के लालच में पंजाब की पीढ़ियों को बर्बाद कर रहे हैं। अरविंद केजरीवाल ने कहा कि पंजाब सरकार एक अप्रैल से नशे के खिलाफ व्यापक जन अभियान शुरू करेगी और हर पंजाबी से इस जंग का सिपाही बनने की अपील की। उन्होंने कहा कि हर पार्टी कार्यकर्ता गांव-गांव जाकर नशे के सफाए के लिए काम करेगा और यह एक निर्णायक लड़ाई होगी।
आप के राष्ट्रीय संयोजक ने एंटी-ड्रग हेल्पलाइन नंबर 9779100200 जारी करते हुए जनता से अपील की कि वे अपने इलाके में नशा बेचने वालों की जानकारी इस नंबर पर साझा करें। उन्होंने आश्वासन दिया कि सूचना देने वाले की पहचान गोपनीय रखी जाएगी और नशा तस्करों के खिलाफ कड़ी कार्रवाई होगी। इस दौरान अरविंद केजरीवाल ने घोषणा की कि पूरे राज्य में नशे की स्थिति की वास्तविकता जानने के लिए जनगणना करवाई जाएगी। इसके तहत टीमें घर-घर जाकर नशे की वास्तविक स्थिति का पता लगाएंगी और पीड़ितों की पहचान गोपनीय रखते हुए उनके सुधार के लिए कदम उठाए जाएंगे। अरविंद केजरीवाल ने कहा कि युवाओं को नशे से दूर रखने के लिए हर गांव में खेल मैदान और जिम खोले जाएंगे। यह पहल युवाओं की ऊर्जा को सकारात्मक दिशा में मोड़ने और उन्हें राज्य के सामाजिक-आर्थिक विकास में सक्रिय भागीदार बनाने में मदद करेगी।
दिल्ली के पूर्व मुख्यमंत्री ने कहा कि 5000 नए होम गार्ड भर्ती किए जा रहे हैं और उन्हें राज्य के सीमावर्ती जिलों में तैनात किया जाएगा। उन्होंने कहा कि राज्य सरकार ने पिछले तीन वर्षों में हर स्तर पर ठोस रणनीति बनाई है और अब इसे लागू किया जा रहा है। अरविंद केजरीवाल ने कहा कि पिछली सरकारों के मंत्री नशे को संरक्षण देते थे और सत्ता की लालसा के लिए पंजाब की पीढ़ियों को बर्बाद कर रहे थे।
'आप' के राष्ट्रीय संयोजक ने कहा कि इन नेताओं ने सिर्फ अपने निजी स्वार्थ के लिए नशा, रेत, ट्रांसपोर्ट, केबल और अन्य माफियाओं को शरण दी थी। उन्होंने कहा कि इन नेताओं को सत्ता से बाहर कर दिया गया और उनकी जगह उस सरकार ने ली, जिसके नेता ने सार्वजनिक रूप से शपथ ली थी कि चार महीनों में नशे का सफाया कर दिया जाएगा। अरविंद केजरीवाल ने कहा कि जमीनी स्तर पर कुछ भी नहीं हुआ क्योंकि यह महाराजा जनता की पहुंच से बाहर रहा और लोगों की परवाह किए बिना केवल सत्ता का आनंद लेने के लिए अपने पद का उपयोग करता रहा।
दिल्ली के पूर्व मुख्यमंत्री ने कहा कि अब नशे के खिलाफ पूरी ताकत से लड़ाई शुरू कर दी गई है और जल्द ही राज्य से इस अभिशाप का सफाया कर दिया जाएगा। उन्होंने कहा कि नशे के सरगनाओं और कभी राज्य के शक्तिशाली मंत्री रहे उन लोगों को भी बख्शा नहीं जाएगा, जो इस घिनौने अपराध में शामिल थे, और उन्हें भी सलाखों के पीछे भेजा जाएगा।
'आप' के राष्ट्रीय संयोजक ने कहा कि राज्य सरकार द्वारा सीमा पार से नशे की आपूर्ति रोकने के लिए एंटी-ड्रोन टेक्नोलॉजी स्थापित की जाएगी क्योंकि 70 प्रतिशत नशे पाकिस्तान से सप्लाई किए जा रहे हैं। उन्होंने कहा कि नशे के खिलाफ सख्त कार्रवाई से घबराकर देश विरोधी ताकतें राज्य की प्रगति और समृद्धि को अस्थिर करने की कोशिश कर रही हैं। उन्होंने कहा कि राज्य भर में हुए ग्रेनेड हमले इसी साजिश का हिस्सा हैं। अरविंद केजरीवाल ने कहा कि इसे बिल्कुल बर्दाश्त नहीं किया जाएगा और राज्य की दुश्मन इन ताकतों के खिलाफ सख्त कार्रवाई की जाएगी।
दिल्ली के पूर्व मुख्यमंत्री ने इन पंजाब विरोधी ताकतों को सख्त चेतावनी दी कि यह कांग्रेस, अकाली या भाजपा की सरकार नहीं है और इन ताकतों के नापाक मंसूबों को 'आप' सरकार पूरी तरह नाकाम कर देगी। उन्होंने कहा कि भगवंत सिंह मान सरकार के कार्यकाल में राज्य की तस्वीर पूरी तरह बदल रही है। अरविंद केजरीवाल ने कहा कि कांग्रेस, अकाली और भाजपा ने लुधियाना वासियों के लिए जर्जर हालत में सिविल अस्पताल छोड़ा था, लेकिन अब इसका पूरी तरह नवीनीकरण कर दिया गया है।
'आप' के राष्ट्रीय संयोजक ने कहा कि इस सिविल अस्पताल में 30,000 से अधिक चूहे थे, लेकिन अब राज्य सरकार ने स्वास्थ्य सेवाओं को ऊंचे स्तर पर ले जाने के लिए एक बड़ी स्वास्थ्य क्रांति शुरू कर दी है। उन्होंने कहा कि आने वाले 3-4 महीनों में भूमि रजिस्ट्री के काम को भ्रष्टाचार मुक्त कर दिया जाएगा।

उन्होंने कहा कि राज्य में व्यापक सुधारों के लिए योजनाएं बनाई जा रही हैं और सभी सार्वजनिक सेवाएं आम आदमी के दरवाजे तक पहुंचाई जाएंगी। अरविंद केजरीवाल ने कहा कि जिन पंजाबियों के पास आयुष्मान कार्ड नहीं है, उन्हें मुफ्त स्वास्थ्य सुविधाओं के लिए स्वास्थ्य कार्ड जारी किए जाएंगे। उन्होंने कहा कि यह तो सिर्फ शुरुआत है और आने वाले दिनों में जनकल्याण के कार्यों में तेजी लाई जाएगी।

-------------